## ਖੁੱਲਣ ਦਾ ਸਮਾਂ

### ਸਤੰਬਰ ਤੋਂ ਅਪ੍ਰੈਲ

ਸਵੇਰੇ 9 ਵਜੇ ਤੋਂ ਸ਼ਾਮ 5 ਵਜੇ, ਸੋਮਵਾਰ ਤੋਂ ਸ਼ੁੱਕਰਵਾਰ
ਗਾਈਡਡ ਟੂਰ ਸਿਰਫ਼ ਰਜ਼ਿਰਵੇਸ਼ਨ ਦੁਆਰਾ ਉਪਲਬਧ ਹਨ

### ਮਈ ਅਤੇ ਜੂਨ

ਰੋਜ਼ਾਨਾ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸੋਮਵਾਰ ਤੋਂ ਸ਼ੁੱਕਰਵਾਰ ਸਿਰਫ਼ ਰਜ਼ਿਰਵੇਸ਼ਨ ਦੁਆਰਾ ਗਾਈਡਡ ਟੂਰ ਪੇਸ਼ ਕੀਤੇ ਜਾਂਦੇ ਹਨ।
ਸ਼ਨੀਵਾਰ ਅਤੇ ਐਤਵਾਰ ਨੂੰ ਗਾਈਡਡ ਟੂਰ ਬਿਨਾਂ ਰਜ਼ਿਰਵੇਸ਼ਨ ਦੇ ਪੇਸ਼ ਕੀਤੇ ਜਾਂਦੇ ਹਨ।

### ਜੁਲਾਈ ਅਤੇ ਅਗਸਤ

ਵੀਕਐਂਡ ਅਤੇ ਛੁੱਟੀਆਂ ਸਮੇਤ ਰੋਜ਼ਾਨਾ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ।
ਦਿਨ ਭਰ ਗਾਈਡਡ ਟੂਰ ਪੇਸ਼ ਕੀਤੇ ਜਾਂਦੇ ਹਨ।

ਰਿਮੋਟ ਟੂਰ ਵੀ ਉਪਲਬਧ ਹਨ

## ਸਾਡੇ ਨਾਲ ਸੰਪਰਕ ਕਰੋ


**ਟੂਰ ਜਾਣਕਾਰੀ ਅਤੇ ਰਜ਼ਿਰਵੇਸ਼ਨ**
**ਈਮੇਲ:** tour-visite@scc-csc.ca
**ਫੋਨ:** (613) 995-5361
**ਟੋਲ ਫ੍ਰਰੀ:** 1-866-360-1522

**ਆਮ ਪੁੱਛਗਿੱਛ**
**ਈਮੇਲ:** reception@scc-csc.ca
**ਫੋਨ:** 1-888-551-1185

The Supreme Court of Canada
344 Wellington Street
Ottawa, ON  K1A 0J1


## ਜੁੜੇ ਰਹੋ!

**scc-csc.ca**

## ਇਤਿਹਾਸ

ਕੈਨੇਡਾ ਦੀ ਸੁਪਰੀਮ ਕੋਰਟ ਦੀ ਸਥਾਪਨਾ 1875 ਵਿੱਚ ਕੀਤੀ ਗਈ ਸੀ, ਮੌਜੂਦਾ ਕੈਨੇਡਾ ਵਿੱਚ ਮੁਢਲੀਆਂ ਅਦਾਲਤਾਂ ਦੇ ਸ਼ੁਰੂ ਹੋਣ ਤੋਂ 100 ਸਾਲਾਂ ਬਾਅਦ। ਅੱਜ, ਇਹ ਅਦਾਲਤ ਕੈਨੇਡੀਅਨ ਨਿਆਂ ਪ੍ਰਣਾਲੀ ਵਿੱਚ ਅਪੀਲ ਦੀ ਅੰਤਿਮ ਅਦਾਲਤ ਹੈ।

ਅਦਾਲਤ ਮੁਢ ਵਿੱਚ ਛੇ ਜੱਜਾਂ ਤੇ ਅਧਾਰਤ ਸੀ। 1927 ਵਿੱਚ, ਸੁਪਰੀਮ ਕੋਰਟ ਦੇ ਜੱਜਾਂ ਦੀ ਗਿਣਤੀ ਵਧਾ ਕੇ ਸੱਤ ਕਰ ਦਿੱਤੀ ਗਈ ਸੀ, ਅਤੇ 1949 ਵਿੱਚ ਅਦਾਲਤ ਆਪਣੇ ਮੌਜੂਦਾ ਕੁੱਲ ਨੌਂ ਮੈਂਬਰਾਂ ਤੱਕ ਪਹੁੰਚ ਗਈ ਸੀ। ਨੌਂ ਜੱਜਾਂ ਵਿੱਚੋਂ, ਸੁਪਰੀਮ ਕੋਰਟ ਐਕਟ  ਅਨੁਸਾਰ ਤਿੰਨ ਦੀ ਨਿਯੁਕਤੀ ਕਿਊਬਿਕ ਤੋਂ ਹੋਣੀ ਚਾਹੀਦੀ ਹੈ।

ਰਵਾਇਤੀ ਤੌਰ ‘ਤੇ, ਗਵਰਨਰ ਇਨ ਕੌਂਸਲ ਓਨਟਾਰੀਓ ਤੋਂ ਤਿੰਨ ਜੱਜਾਂ ਦੀ ਨਿਯੁਕਤੀ ਕਰਦਾ ਹੈ, ਦੋ ਪੱਛਮੀ ਪ੍ਰਾਂਤਾਂ ਜਾਂ ਉੱਤਰੀ ਕੈਨੇਡਾ ਤੋਂ ਅਤੇ ਇੱਕ ਅਟਲਾਂਟਿਕ ਪ੍ਰਾਂਤਾਂ ਤੋਂ। ਕਿਸੇ ਵੀ ਉੱਚ ਅਦਾਲਤ ਦੇ ਜੱਜ ਜਾਂ ਕਿਸੇ ਪ੍ਰੋਵਿੰਸ ਜਾਂ ਟੈਰੀਟਰੀ ਦੇ ਬਾਰ ‘ਤੇ ਘੱਟੋ-ਘੱਟ 10 ਸਾਲ ਦੇ ਤਜ਼ਰਬੇ ਵਾਲੇ ਵਕੀਲ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਦੇ ਜੱਜ ਉਦੋਂ ਤੱਕ ਰਹਿੰਦੇ ਹਨ ਜਦੋਂ ਤੱਕ ਉਹ ਸੇਵਾਮੁਕਤ ਜਾਂ 75 ਸਾਲ ਦੀ ਉਮਰ ਤੱਕ ਨਹੀਂ ਪਹੁੰਚ ਜਾਂਦੇ।

## ਅਦਾਲਤ ਲਈ ਟਿਕਾਣਾ

ਅਦਾਲਤ ਨੇ ਸਭ ਤੋਂ ਪਹਿਲਾਂ ਪਾਰਲੀਮੈਂਟ ਬਿਲਡਿੰਗ ਵਿੱਚ ਸੁਣਵਾਈ ਕੀਤੀ, ਇਸ ਤੋਂ ਪਹਿਲਾਂ ਕਿ 1882 ਵਿੱਚ ਇਹ ਪਾਰਲੀਮੈਂਟ ਹਿੱਲ ਦੇ ਹੇਠਾਂ ਆਪਣੀ ਛੋਟੀ ਦੋ ਮੰਜ਼ਿਲਾ ਇਮਾਰਤ ਵਿੱਚ ਟਿਕਾਣਾ ਬਦਲਿਆ, ਜਿੱਥੇ ਇਹ 1946 ਤੱਕ ਕਾਇਮ ਰਹੀ। ਉਸ ਸਾਲ, ਅਦਾਲਤ 301 ਵੈਲਿੰਗਟਨ ਸਟ੍ਰੀਟ ਸਥਿਤ ਆਪਣੇ ਸਥਾਈ ਟਿਕਾਣੇ ‘ਤੇ ਚਲੀ ਗਈ, ਜੋ ਮਾਂਟਰੀਅਲ ਦੇ ਮਸ਼ਹੂਰ ਆਰਕੀਟੈਕਟ ਅਰਨੈਸਟ ਕੋਰਮੀਅਰ (Ernest Cormier) ਦੁਆਰਾ ਡਿਜ਼ਾਈਨ ਕੀਤੀ ਗਈ ਇਮਾਰਤ ਹੈ। 2026 ਦੀਆਂ ਗਰਮੀਆਂ ਤੋਂ, ਅਦਾਲਤ ਨੂੰ ਆਰਜ਼ੀ ਤੌਰ ‘ਤੇ 344 ਵੈਲਿੰਗਟਨ ਸਟ੍ਰੀਟ ਸਥਿਤ ਵੈਸਟ ਮੈਮੋਰੀਅਲ ਬਿਲਡਿੰਗ ਵਿੱਚ ਟਿਕਾਣਾ ਦਿੱਤਾ ਗਿਆ ਹੈ, ਜਦੋਂ ਕਿ ਇਸ ਦੇ ਸਥਾਈ ਟਿਕਾਣੇ ਦੀ ਲੰਬੇ ਸਮੇਂ ਦੀ ਬਹਾਲੀ ਕੀਤੀ ਜਾ ਰਹੀ ਹੈ।



ਵੈਸਟ ਮੈਮੋਰੀਅਲ ਬਿਲਡਿੰਗ ਦਾ ਨਿਰਮਾਣ 1954 ਤੋਂ 1958 ਦੇ ਵਿਚਕਾਰ ਉਹਨਾਂ ਕੈਨੇਡੀਅਨਾਂ ਦੀ ਯਾਦ ਵਿੱਚ ਕੀਤਾ ਗਿਆ ਸੀ ਜੋ ਦੂਜੇ ਵਿਸ਼ਵ ਯੁੱਧ ਵਿੱਚ ਮਾਰੇ ਗਏ ਸਨ। ਈਸਟ ਮੈਮੋਰੀਅਲ ਬਿਲਡਿੰਗ ਅਤੇ ਵੈਸਟ ਮੈਮੋਰੀਅਲ ਬਿਲਡਿੰਗ ਦੇ ਵਿਚਕਾਰ ਲਿਓਨ ਸਟ੍ਰੀਟ ਉੱਤੇ ਇੱਕ ਆਰਚ (ਮਹਿਰਾਬ) ਬਣੀ ਹੋਈ ਹੈ। ਦੋਵੇਂ ਇਮਾਰਤਾਂ ਟੋਰਾਂਟੋ ਦੀ ਆਰਕੀਟੈਕਚਰਲ ਫਰਮ ਆਲਵਰਡ ਐਂਡ ਗੂਇਨਲੌਕ (Allward & Gouinlock) ਦੁਆਰਾ ਡਿਜ਼ਾਈਨ ਕੀਤੀਆਂ ਗਈਆਂ ਸਨ।

ਇਹ ਭਾਵੇਂ ਕਿਤੇ ਵੀ ਸਥਿਤ ਹੋਵੇ, ਕੈਨੇਡਾ ਦੀ ਸੁਪਰੀਮ ਕੋਰਟ ਕਾਨੂੰਨ ਦੇ ਸ਼ਾਸਨ ਅਤੇ ਸਾਡੇ ਦੇਸ਼ ਦੇ ਵਿਕਾਸ ਉੱਤੇ ਮਹੱਤਵਪੂਰਨ ਪ੍ਰਭਾਵ ਪਾਉਂਦੀ ਰਹਿੰਦੀ ਹੈ।

## ਕੀ ਤੁਸੀਂ ਜਾਣਦੇ ਹੋ?

ਵੈਸਟ ਮੈਮੋਰੀਅਲ ਬਿਲਡਿੰਗ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਦੇ ਟਿਕਾਣੇ ਵਜੋਂ ਬਹਾਲ ਅਤੇ ਆਧੁਨਿਕ ਬਣਾਇਆ ਗਿਆ ਹੈ। ਇਸ ਕੰਮ ਦੇ ਹਿੱਸੇ ਵਜੋਂ, ਇਮਾਰਤ ਦੇ ਅੰਦਰੂਨੀ ਵਿਹੜਿਆਂ ਨੂੰ ਸਕਾਈਲਾਈਟਾਂ ਨਾਲ ਬੰਦ ਕਰਕੇ ਸ਼ਾਨਦਾਰ ਹਾਲ ਅਤੇ ਕੋਰਟਰੂਮ ਬਣਾਏ ਗਏ।

- ਇਮਾਰਤ ਦੇ ਨੇੜੇ ਝੰਡੇ ਦੇ ਦੋ ਖੰਭੇ ਹਨ। ਲਿਓਨ ਅਤੇ ਸਪਾਰਕਸ ਸਟ੍ਰੀਟਾਂ ਦੇ ਕੋਨੇ ‘ਤੇ ਸਥਿਤ ਖੰਭੇ ‘ਤੇ ਕੈਨੇਡੀਅਨ ਝੰਡਾ ਸਥਾਈ ਤੌਰ ‘ਤੇ ਲਹਿਰਾਇਆ ਜਾਂਦਾ ਹੈ, ਜਦੋਂ ਕਿ ਲਿਓਨ ਅਤੇ ਵੈਲਿੰਗਟਨ ਸਟ੍ਰੀਟਾਂ ਦੇ ਕੋਨੇ ‘ਤੇ ਸਥਿਤ ਖੰਭੇ ‘ਤੇ ਸੁਪਰੀਮ ਕੋਰਟ ਦਾ ਝੰਡਾ ਸਿਰਫ਼ ਉਦੋਂ ਹੀ ਲਹਿਰਾਇਆ ਜਾਂਦਾ ਹੈ ਜਦੋਂ ਅਦਾਲਤ ਦਾ ਸੈਸ਼ਨ ਚੱਲ ਰਿਹਾ ਹੁੰਦਾ ਹੈ। ਇਹ ਝੰਡਾ, 2021 ਵਿੱਚ ਪ੍ਰਦਾਨ ਕੀਤੇ ਗਏ ਅਦਾਲਤ ਦੇ ਬੈਜ ਦੀਆਂ ਵਿਸ਼ੇਸ਼ਤਾਵਾਂ ਦੀ ਵਰਤੋਂ ਕਰਕੇ ਬਣਾਇਆ ਗਿਆ ਸੀ।

# ਕਨੇਡਾ ਦੀ ਸੁਪਰੀਮ ਕੋਰਟ








**SCC-CSC.CA**








## ਅਦਾਲਤ ਦਾ ਨਿਆਂਇਕ ਕੰਮ

ਕੈਨੇਡਾ ਦੀ ਸੁਪਰੀਮ ਕੋਰਟ ਔਫ਼ ਮੁਲਕ ਦੀ ਸਰਵਉੱਚ ਅਦਾਲਤ ਹੈ। ਇਹ ਜਨਤਕ ਮਹੱਤਤਾ ਵਾਲੇ ਕਾਨੂੰਨੀ ਮੁੱਦਿਆਂ ਦਾ ਫੈਸਲਾ ਕਰਕੇ ਕੈਨੇਡੀਅਨਾਂ ਦੀ ਸੇਵਾ ਕਰਦਾ ਹੈ, ਜੋ ਕੈਨੇਡਾ ਵਿੱਚ ਕਾਨੂੰਨ ਦੀਆਂ ਸਾਰੀਆਂ ਸ਼ਾਖਾਵਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ। ਅਦਾਲਤ ਦੋਭਾਸ਼ੀ ਹੈ, ਭਾਵ ਇਹ ਅੰਗਰੇਜ਼ੀ ਅਤੇ ਫ੍ਰੈਂਚ ਵਿੱਚ ਕੰਮ ਕਰਦੀ ਹੈ ਅਤੇ ਕੇਸਾਂ ਦਾ ਫੈਸਲਾ ਕਰਦੀ ਹੈ। ਇਹ ਬਾਇ-ਜੂਰਿਲ ਵੀ ਹੈ, ਭਾਵ ਇਹ ਕੈਨੇਡਾ ਦੀਆਂ ਦੋ ਕਾਨੂੰਨੀ ਪਰੰਪਰਾਵਾਂ, ਕੌਮਨ ਲਾਅ ਅਤੇ ਸਿਵਲ ਲਾਅ ਦੇ ਅਧਾਰ ਤੇ ਕੇਸਾਂ ਦਾ ਫੈਸਲਾ ਕਰਦੀ ਹੈ। ਅਦਾਲਤ ਸੰਵਿਧਾਨਕ ਕਾਨੂੰਨ, ਪ੍ਰਸ਼ਾਸਨਿਕ ਕਾਨੂੰਨ, ਫੌਜਦਾਰੀ ਕਾਨੂੰਨ ਅਤੇ ਨਿੱਜੀ ਕਾਨੂੰਨ ਸਮੇਤ ਕਾਨੂੰਨ ਦੇ ਸਾਰੇ ਖੇਤਰਾਂ ਵਿੱਚ ਕੇਸਾਂ ਦੀ ਸੁਣਵਾਈ ਕਰਦੀ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ, ਉਹ ਧਿਰ ਜੋ ਹੇਠਲੀ ਅਦਾਲਤ ਦੇ ਫੈਸਲੇ ਤੇ ਅਪੀਲ ਕਰਨਾ ਚਾਹੁੰਦੀ ਹੈ, ਨੂੰ ਅਦਾਲਤ ਤੋਂ ਇਜਾਜ਼ਤ ਲੈਣੀ ਚਾਹੀਦੀ ਹੈ, ਜਾਂ ਅਪੀਲ ਕਰਨ ਆਗਿਆ ਲੈਣੀ ਪੈਂਦੀ ਹੈ। ਸੁਪਰੀਮ ਕੋਰਟ ਸਿਰਫ਼ ਉਨ੍ਹਾਂ ਮਾਮਲਿਆਂ ਦੀ ਸੁਣਵਾਈ ਕਰੇਗਾ ਜਿਨ੍ਹਾਂ ਨੂੰ ਜੱਜ ਜਨਤਕ ਮਹੱਤਵ ਦੇ ਮੰਨਦੇ ਹਨ।

ਅਦਾਲਤ ਦੇ ਫੈਸਲੇ ਸਰਬਸੰਮਤੀ ਨਾਲ ਹੋਣ ਇਹ ਜ਼ਰੂਰੀ ਨਹੀਂ ਹੈ। ਜੱਜਾਂ ਦੀ ਬਹੁਗਿਣਤੀ ਫੈਸਲਾ ਕਰ ਸਕਦੀ ਹੈ ਅਤੇ ਘੱਟ ਗਿਣਤੀ ਜੱਜ ਅਸਹਿਮਤੀ ਦੇ ਕਾਰਨ ਦੇਣਗੇ। ਹਰੇਕ ਜੱਜ ਕਿਸੇ ਵੀ ਕੇਸ ਵਿੱਚ ਕਾਰਨ ਲਿਖ ਸਕਦਾ ਹੈ ਜੇਕਰ ਉਹ ਅਜਿਹਾ ਕਰਨਾ ਚਾਹੇ। ਨਿਰਣੇ ਦੋਵੇਂ ਸਰਕਾਰੀ ਭਾਸ਼ਾਵਾਂ ਵਿੱਚ ਇੱਕੋ ਸਮੇਂ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਕੁਝ ਮਾਮਲਿਆਂ ਵਿੱਚ, ਅਦਾਲਤ ਸੁਣਵਾਈ ਦੇ ਅੰਤ ਵਿੱਚ ਜ਼ੁਬਾਨੀ ਤੌਰ 'ਤੇ ਆਪਣਾ ਫੈਸਲਾ ਦੇਵੇਗੀ, ਪਰ ਜ਼ਿਆਦਾਤਰ ਮੌਕਿਆਂ ਤੇ ਇਹ ਜੱਜਾਂ ਨੂੰ ਵਿਸਤ੍ਰਿਤ ਕਾਰਨ ਲਿਖਣ ਦੀ ਆਗਿਆ ਦੇਣ ਲਈ ਫੈਸਲਾ ਰਾਖਵਾਂ ਰੱਖਦੀ ਹੈ।



ਸੁਪਰੀਮ ਕੋਰਟ ਵਿੱਚ ਸਾਲ ਵਿੱਚ ਤਿੰਨ ਸੈਸ਼ਨ ਹੁੰਦੇ ਹਨ। ਸੈਸ਼ਨ ਹਰ ਤਿੰਨ ਮਹੀਨੇ ਚੱਲਦੇ ਹਨ ਅਤੇ ਇਹ ਪਤਝੜ, ਸਰਦੀਆਂ ਅਤੇ ਬਸੰਤ ਰੁੱਤ ਵਿੱਚ ਹੁੰਦੇ ਹਨ। ਅਦਾਲਤ ਆਮ ਤੌਰ 'ਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:30 ਵਜੇ ਸ਼ੁਰੂ ਹੁੰਦੀ ਹੈ ਅਤੇ ਸੁਣਵਾਈ ਜਨਤਾ ਲਈ ਖੁੱਲ੍ਹੀ ਹੁੰਦੀ ਹੈ। ਅਦਾਲਤ ਦਾ ਸੈਸ਼ਨ ਕਦੋਂ ਚੱਲ ਰਿਹਾ ਹੈ ਅਤੇ ਅਦਾਲਤ ਦੇ ਕਮਰੇ ਵਿੱਚ ਸੀਟ ਰਾਖਵੀਂ ਰੱਖਣ ਲਈ ਔਨਲਾਈਨ ਸੁਣਵਾਈ ਦੀ ਸਮਾਂ-ਸਾਰਣੀ ਦੇਖੋ।

## ਕੋਰਟਰੂਮ ਫਲੋਰ ਪਲਾਨ




## ਕੀ ਤੁਸੀਂ ਜਾਣਦੇ ਹੋ?

ਜੇਕਰ ਗਵਰਨਰ ਜਨਰਲ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਆਪਣੇ ਫਰਜ਼ਾਂ ਨੂੰ ਪੂਰਾ ਨਹੀਂ ਕਰ ਸਕਦਾ ਹੋਵੇ, ਤਾਂ ਕੈਨੇਡਾ ਦਾ ਚੀਫ਼ ਜਸਟਿਸ ਕੈਨੇਡਾ ਸਰਕਾਰ ਦਾ ਪ੍ਰਸ਼ਾਸਕ ਬਣ ਜਾਂਦਾ ਹੈ ਅਤੇ ਗਵਰਨਰ ਜਨਰਲ ਦੀਆਂ ਸਾਰੀਆਂ ਸ਼ਕਤੀਆਂ ਅਤੇ ਅਥਾਰਟੀਆਂ ਦੀ ਵਰਤੋਂ ਕਰਦਾ ਹੈ।

- ਭਾਵੇਂ ਈਸਟ ਅਤੇ ਵੈਸਟ ਮੈਮੋਰੀਅਲ ਬਿਲਡਿੰਗਾਂ ਦੂਜੇ ਵਿਸ਼ਵ ਯੁੱਧ ਦੇ ਸਮਾਰਕ ਦਾ ਹਿੱਸਾ ਹਨ, ਲਿਓਨ ਸਟ੍ਰੀਟ ਉੱਤੇ ਬਣੇ ਮਹਿਰਾਬ ਦੇ ਹੇਠਾਂ ਸਥਿਤ ਮੂਰਤੀ ਪਹਿਲੇ ਵਿਸ਼ਵ ਯੁੱਧ ਦੀ ਯਾਦ ਵਿੱਚ ਬਣਾਈ ਗਈ ਸੀ। ਇਹ ਕ੍ਰੋਏਸ਼ੀਆਈ ਮੂਰਤੀਕਾਰ ਇਵਾਨ ਮੈਸਟ੍ਰੋਵਿਚ (Ivan Meštrović) ਦੀ ਰਚਨਾ ਹੈ ਅਤੇ ਕੈਨੇਡੀਅਨ ਵਾਰ ਮੈਮੋਰੀਅਲ ਫੰਡ (Canadian War Memorial Fund) ਦੇ ਕਲਾ ਸੰਗ੍ਰਹਿ ਦਾ ਹਿੱਸਾ ਸੀ, ਜੋ 1920 ਵਿੱਚ ਕੈਨੇਡਾ ਨੂੰ ਭੇਟ ਕੀਤਾ ਗਿਆ ਸੀ।
- ਕੋਰਟਰੂਮ ਵਿੱਚ, ਜੱਜ ਆਮ ਤੌਰ 'ਤੇ ਕਾਲੇ ਰੇਸ਼ਮੀ ਚੋਲੇ ਪਹਿਨਦੇ ਹਨ। ਉਹਨਾਂ ਕੋਲ ਕਾਲੇ ਰਸਮੀ ਬਸਤਰ ਵੀ ਹਨ ਜਿਨ੍ਹਾਂ ਉੱਤੇ ਲਾਲ ਪਾਈਪਿੰਗ ਲੱਗੀ ਹੋਈ ਹੈ ਅਤੇ ਅਗਲੇ ਪੈਨਲਾਂ ਉੱਤੇ ਅਦਾਲਤ ਦੇ ਹੇਰਾਲਡਿਕ ਐਂਬਲਮ ਕਾਲੇ ਰੰਗ ਵਿੱਚ ਕਢਾਈ ਕੀਤੇ ਹੋਏ ਹਨ। ਜੱਜ ਆਪਣੇ ਰਸਮੀ ਬਸਤਰ ਵਿਸ਼ੇਸ਼ ਮੌਕਿਆਂ 'ਤੇ ਪਹਿਨਦੇ ਹਨ, ਜਿਵੇਂ ਕਿ ਕਿਸੇ ਨਵੇਂ ਜੱਜ ਲਈ ਸਵਾਗਤ ਸਮਾਰੋਹ ਅਤੇ ਸੰਸਦ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ।